# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਮਾਨਸਾ।

ਵੱਲ,

ਜਿਲ੍ਹੇ ਦੇ ਸਮੂਹ ਸਕੂਲ ਮੁਖੀ
ਸਸਸ/ਸਹਸ/ਸਮਿਸ (ਮਾਨਸਾ)।

ਪੱਤਰ ਨੰ:ਜੀ-1/1( )2018/ 2545
ਮਿਤੀ ਮਾਨਸਾ- 18/4/18

**ਵਿਸਾ- ਸਾਲ 2018-19 ਦੌਰਾਨ ਨਰਮੇਂ ਦੀ ਫਸਲ ਨੂੰ ਚਿੱਟੀ ਮੱਖੀ ਦੇ ਹਮਲੇ ਤੋ ਬਚਾਉਣ ਲਈ ਨਦੀਨਾਂ ਨੂੰ ਨਸ਼ਟ ਕਰਨ ਲਈ ਜਾਗਰੂਕਤਾ ਮੁਹਿੰਮ ਚਲਾਉਣ ਸਬੰਧੀ।**

ਉਪਰੋਕਤ ਵਿਸੇ ਦੇ ਸਬੰਧ ਵਿੱਚ ਜਿਲ੍ਹਾ ਮਾਨਸਾ ਦੇ ਸਮੂਹ ਸਰਕਾਰੀ/ਏਡਿਡ/ਐਫੀਲੇਟਿਡ/ਮਾਨਤਾ ਪ੍ਰਾਪਤ ਅਤੇ ਹੋਰ ਸਕੂਲਾਂ ਦੇ ਮੁਖੀਆਂ ਨੂੰ ਮਾਨਯੋਗ ਡਿਪਟੀ ਕਮਿਸਨਰ ਮਾਨਸਾ ਜੀ ਦੀ ਮੀਟਿੰਗ ਮਿਤੀ 17/4/18 ਦਾ ਏਜੰਡਾ ਭੇਜਕਿ ਲਿਖਿਆ ਜਾਂਦਾ ਹੈ ਕਿ ਸਕੂਲ ਵਿੱਚ ਉੱਘੇ ਨਦੀਨਾਂ ਨੂੰ ਪੰਚਾਇਤੀ /ਪੀ.ਟੀ.ਏ/ਦਾਨੀ ਸੱਜਣਾਂ ਦੇ ਸਹਿਯੋਗ ਨਾਲ ਨਸਟ ਕਰਵਾਇਆ ਜਾਵੇ,ਜੇਕਰ ਸਕੂਲ ਵਿੱਚ ਕੋਈ ਟੋਆ ਬਗੈਰਾ ਹੈ ਜਿੱਥੇ ਪਾਣੀ ਖੜਦਾ ਹੈ,ਪਿੰਡ ਦੇ ਸਰਪੰਚ ਨਾਲ ਤਾਲਮੇਲ ਕਰਕੇ ਨਰੇਗਾ ਸਕੀਮ ਦੀ ਮੱਦਦ ਨਾਲ ਮਿੱਟੀ ਪੁਆਈ ਜਾਵੇ। ਸੂਚਨਾ ਨੱਥੀ ਪ੍ਰੋਫਾਰਮੇ ਅਨੁਸਾਰ ਭਰਕੇ ਖੇਤੀਬਾੜੀ ਵਿਭਾਗ ਦੀ ਈ ਮੇਲ caomansa.agri@punjab.gov.in ਅਤੇ ਇਸ ਦਫਤਰ ਦੀ ਮੇਲ deose.mansa@punjabeducation.gov.in ਤੇ ਮਿਤੀ 24/4/18 ਤੱਕ ਭੇਜੀ ਜਾਵੇ।

| ਲੜੀ ਨੰ: | ਸਕੂਲ ਦਾ ਨਾਮ | ਕੁੱਲ ਖਾਲੀ ਰਕਬਾ ਜਿਸ ਵਿੱਚੋ ਨਦੀਨ ਨਸਟ ਕੀਤੇ ਜਾਣੇ ਹਨ। | ਹਫਤੇ ਦੌਰਾਨ ਕੀਤੀ ਪ੍ਰਗਤੀ | ਬਾਕੀ ਰਹਿੰਦਾ ਕੰਮ | ਕੰਮ ਮੁਕੰਮਲ ਹੋਣ ਦੀ ਅਨੁਮਾਨਿਤ ਮਿਤੀ |
|---|---|---|---|---|---|

ਜਿਲ੍ਹਾ ਸਿੱਖਿਆ ਅਫਸਰ (ਸੈਸਿ)
ਮਾਨਸਾ।

**ਸਾਲ 2018-19 ਦੌਰਾਨ ਨਰਮੇ ਦੀ ਫਸਲ ਨੂੰ ਚਿੱਟੀ ਮੱਖੀ ਦੇ ਹਮਲੇ ਤੋ ਬਚਾਉਣ ਲਈ ਜਾਗਰੁਕਤਾ ਮੁਹਿੰਮ ਚਲਾਉਣ ਸਬੰਧੀ ਮਿਤੀ 17-04-2018 ਨੂੰ ਸਵੇਰੇ 10:00 ਵਜੇ, ਬੱਚਤ ਭਵਨ ਮਾਨਸਾ ਵਿਖੇ ਹੋਣ ਵਾਲੀ ਮੀਟਿੰਗ ਦਾ ਏਜੰਡਾ।**

ਮਾਨਯੋਗ ਸ਼੍ਰੀ ਵਿਸ਼ਵਾਜੀਤ ਖੰਨਾ, ਆਈ.ਏ.ਐਸ., ਵਧੀਕ ਮੁੱਖ ਸਕੱਤਰ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਚੰਡੀਗੜ੍ਹ ਜੀ ਵੱਲੋ ਅਰਧ ਸਰਕਾਰੀ ਪੱਤਰ ਪ੍ਰਾਪਤ ਹੋਇਆ ਹੈ, ਜਿਸ ਵਿਚ ਉਹਨਾਂ ਵੱਲੋਂ ਸਾਲ 2018-19 ਲਈ ਨਰਮੇ ਦੀ ਫਸਲ ਦੀ ਯੋਜਨਾਬੰਦੀ ਅਤੇ ਤਿਆਰੀ ਕਰਨ ਸਬੰਧੀ ਹਦਾਇਤ ਕੀਤੀ ਗਈ ਹੈ। ਇਸ ਤਹਿਤ ਨਰਮੇ ਦੀ ਫਸਲ ਨੂੰ ਚਿੱਟੀ ਮੱਖੀ (White Fly) ਦੇ ਹਮਲੇ ਤੋਂ ਬਚਾਉਣ ਲਈ ਨਰਮੇ ਵਾਲੇ ਇਲਾਕਿਆਂ ਵਿਚ ਜਿਨ੍ਹਾਂ ਤੇ ਚਿੱਟਾ ਮੱਛਰ ਪਲ ਰਿਹਾ ਹੈ, ਉਹਨਾਂ ਨਦੀਨਾਂ ਨੂੰ ਨਸ਼ਟ ਕਰਨ ਲਈ ਸਮੂਹ ਜਿਲ੍ਹੇ ਵਿਚ ਮੁਹਿੰਮ ਚਲਾ ਕੇ ਨਸ਼ਟ ਕੀਤਾ ਜਾਣਾ ਹੈ। ਇਹ ਨਦੀਨ ਜਿਵੇਂ ਕਿ ਪੁੱਠ ਕੰਡਾ, ਪੀਲੀ ਕੁੰਗੀ, ਗਾਜ਼ਰ ਘਾਹ, ਜੰਗਲੀ ਗੋਭੀ, ਲੇਹ, ਗਾਜ਼ਰ ਬੂਟੀ ਆਦਿ ਆਮਤੌਰ ਤੇ ਸੜਕਾਂ ਦੇ ਕੰਢਿਆਂ, ਨਹਿਰਾਂ, ਕੱਸੀਆਂ, ਡਰੇਨਾਂ ਦੇ ਕੰਢੇ, ਨਿੱਜੀ ਖੇਤਾਂ ਦੇ ਕੰਢਿਆਂ, ਪਿੰਡਾਂ ਦੀਆਂ ਪਹੀਆਂ ਅਤੇ ਵਹਿਲੀਆਂ ਪਈਆਂ ਥਾਵਾਂ ਤੇ ਹੀ ਪਾਏ ਜਾਂਦੇ ਹਨ। ਖੇਤੀ ਮਾਹਿਰਾਂ ਵੱਲੋਂ ਦੱਸਿਆ ਗਿਆ ਹੈ ਕਿ ਚਿੱਟੀ ਮੱਖੀ ਅਤੇ ਮੱਛਰ ਇਸ ਤਰਾਂ ਦੇ ਨਦੀਨਾਂ ਤੇ ਹੀ ਪਨਾਹ ਲੈਂਦੇ ਹਨ ਅਤੇ ਜਦੋਂ ਕਦੇ ਵੀ ਮੌਸਮ ਢੁਕਵਾਂ ਹੁੰਦਾ ਹੈ ਤਾਂ ਉਹ ਫਸਲ ਦਾ ਨੁਕਸਾਨ ਕਰਦੇ ਹਨ। ਇਸ ਲਈ ਨਰਮੇ ਵਾਲੇ ਇਲਾਕਿਆਂ ਵਿਚ ਇਸ ਤਰ੍ਹਾ ਦੇ ਨਦੀਨਾਂ ਨੂੰ ਨਸ਼ਟ ਕਰਨਾ ਬਹੁਤ ਜਰੂਰੀ ਹੈ ਅਤੇ ਇਹ ਕੰਮ ਕੰਪੇਨ ਬੇਸਿਸ ਤੇ ਕੀਤਾ ਜਾਣਾ ਹੈ।

ਮਾਨਸਾ ਜਿਲ੍ਹੇ ਦੇ ਸਮੂਹ ਬਲਾਕਾਂ ਵਿੱਚ ਹੀ ਨਰਮੇ ਦੀ ਫਸਲ ਦੀ ਕਾਸ਼ਤ ਕੀਤੀ ਜਾਂਦੀ ਹੈ। ਇਸ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਮਾਨਸਾ ਦੇ ਮਾਹਿਰਾਂ ਦੀਆਂ ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਹਨਾਂ ਟੀਮਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਇਹ ਟੀਮਾਂ ਕਿਸਾਨਾਂ ਨੂੰ ਤਕਨੀਕੀ ਗਿਆਨ ਜਾਗਰੁਕਤਾ ਕੈਂਪਾਂ ਅਤੇ ਲਿਟ੍ਰੇਚਰਾਂ/ ਪੰਫਲਿਟਾਂ ਰਾਹੀ ਅਗਾਹੂ ਜਾਣਕਾਰੀ ਦੇ ਕੇ ਇਹਨਾਂ ਨਦੀਨਾਂ ਨੂੰ ਨਸ਼ਟ ਕਰਵਾਉਣਗੀਆਂ ਤਾਂ ਜੋ ਕਿ ਆਉਣ ਵਾਲੇ ਨਰਮੇ ਦੀ ਫਸਲ ਨੂੰ ਚਿੱਟੇ ਮੱਛਰ ਦੇ ਹਮਲੇ ਤੋ ਬਚਾਉਣ ਦਾ ਉਪਰਾਲਾ ਕੀਤਾ ਜਾ ਸਕੇ।

ਇਸ ਸਬੰਧੀ ਵੱਖ-ਵੱਖ ਵਿਭਾਗਾਂ ਨੂੰ ਦੱਸਿਆ ਜਾਂਦਾ ਹੈ ਕਿ ਆਪਣੇ-ਆਪਣੇ ਵਿਭਾਗ ਅੰਦਰ ਆਉਂਦੇ ਰਕਬੇ ਵਿਚ ਇਹਨਾਂ ਨਦੀਨਾਂ ਨੂੰ ਖਤਮ ਕਰਨ ਲਈ ਮਨਰੇਗਾ ਸਕੀਮ ਤਹਿਤ ਲੋੜੀਂਦੇ ਫੰਡਜ਼ ਸਬੰਧੀ ਤਜਵੀਜ ਬਣਾ ਕੇ ਸਬੰਧਤ ਉਪ-ਮੰਡਲ ਮੈਜਿਸਟ੍ਰੇਟ ਜਾਂ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨੂੰ ਭੇਜੀ ਜਾਵੇ ਅਤੇ ਇਸ ਮੁਹਿੰਮ ਵਿਚ ਜਿਲ੍ਹੇ ਦੀਆਂ ਸਮੂਹ ਗ੍ਰਾਮ ਪੰਚਾਇਤਾਂ ਦਾ ਵੱਧ ਤੋਂ ਵੱਧ ਸਹਿਯੋਗ ਲੈ ਕੇ ਇਸ ਮੁਹਿੰਮ ਨੂੰ ਕਾਮਯਾਬ ਕੀਤਾ ਜਾਵੇ ਅਤੇ ਇਸ ਮੁਹਿੰਮ ਸਬੰਧੀ ਕੀਤੀ ਗਈ ਪ੍ਰਗਤੀ ਦੀ ਪਿੰਡਵਾਰ ਹਫਤਾਵਾਰੀ ਰਿਪੋਰਟ ਵੀ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਆਉਣ ਵਾਲੀ ਸਾਉਣੀ ਨਰਮੇਂ ਦੀ ਫਸਲ ਨੂੰ ਕੀੜੇ ਮਕੌੜੇ ਅਤੇ ਨਦੀਨਾਂ ਦੇ ਹਮਲੇ ਤੋਂ ਬਚਾਇਆ ਜਾ ਸਕੇ ਜਿਸ ਨਾਲ ਕਿਸਾਨ ਦੀ ਆਰਥਿਕ ਹਾਲਤ ਵਿਚ ਸੁਧਾਰ ਆ ਸਕੇ।

## ਵੱਖ-ਵੱਖ ਵਿਭਾਗ ਹੇਠ ਲਿਖੇ ਅਨੁਸਾਰ ਇਸ ਮੁਹਿੰਮ ਨੂੰ ਕਾਮਯਾਬ ਕਰਨ ਲਈ ਆਪਣੀ ਡਿਊਟੀ ਨਿਭਾਉਣਗੇ :

| ਲੜੀ ਨੰ: | ਵਿਭਾਗ ਦਾ ਨਾਮ | ਅਲਾਟ ਕੰਮ |
|---|---|---|
| 1 | ਸਬੰਧਤ ਉਪ ਮੰਡਲ ਮੈਜਿਸਟਰੇਟ, ਮਾਨਸਾ। | ਇਹ ਅਧਿਕਾਰੀ ਆਪਣੀ ਸਬ ਡਿਵੀਜ਼ਨ ਅੰਦਰ ਇਸ ਮੁਹਿੰਮ ਤੇ ਨਿਗਰਾਨੀ ਰੱਖਣਗੇ। |
| 2 | ਮੁੱਖ ਖੇਤੀਬਾੜੀ ਅਫਸਰ, ਮਾਨਸਾ। | ਇਹ ਵਿਭਾਗ ਸ਼ਡਿਊਲ ਮੁਤਾਬਿਕ ਪਿੰਡਾਂ ਵਿਚ ਤਕਨੀਕੀ ਜਾਣਕਾਰੀ ਦੇਣ ਸਬੰਧੀ ਡਿਊਟੀ ਨਿਭਾਏਗਾ। |
| 3 | ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ, ਮਾਨਸਾ। | ਇਹ ਵਿਭਾਗ ਪਿੰਡ ਪੱਧਰ ਤੇ ਸੁਸਾਇਟੀਆਂ ਵਿੱਚ ਤੈਨਾਤ ਸਟਾਫ ਰਾਹੀ ਇਹਨਾਂ ਜਗਰੁਕਤਾ ਕੈਪਾਂ ਵਿੱਚ ਕਿਸਾਨਾ ਦਾ ਇਕੱਠ ਕਰਨ ਦੀ ਡਿਊਟੀ ਨਿਭਾਏਗਾ। |
| 4 | ਇੰਚਾਰਜ, ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ। | ਇਹ ਵਿਭਾਗ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਨਾਲ ਸ਼ਡਿਊਲ ਮੁਤਾਬਿਕ ਸਹਿਯੋਗ ਦੇਵੇਗਾ। |
| 5 | ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਅਤੇ [illegible] ਪਟਵਾਰੀ, ਮਾਨਸਾ। | ਇਹ ਵਿਭਾਗ ਆਪਸੀ ਤਾਲਮੇਲ ਕਰਕੇ ਪਿੰਡਾਂ ਦੀਆਂ ਪੰਚਾਇਤਾਂ ਦੇ ਸਹਿਯੋਗ ਨਾਲ ਨਰੇਗਾ ਸਕੀਮ ਤਹਿਤ [illegible] ਥਾਵਾਂ ਤੇ ਉੱਗੇ ਨਦੀਨਾਂ |

| | | |
|---|---|---|
| | | ਉੱਗੇ ਨਦੀਨਾਂ ਨੂੰ ਨਸ਼ਟ ਕਰਵਾਉਣਗੇ। |
| 9 | ਐਕਸ਼ੀਅਨ ਆਈ.ਬੀ. ਜਵਾਹਰਕੇ, ਮਾਨਸਾ। | ਇਹ ਵਿਭਾਗ ਨਹਿਰਾਂ ਦੇ ਕੰਡਿਆਂ ਤੇ ਉੱਗੇ ਨਦੀਨਾਂ ਨੂੰ ਨਸ਼ਟ ਕਰਵਾਉਣਗੇ। |
| 10 | ਐਕਸ਼ੀਅਨ ਡਰੇਨਜ, ਮਾਨਸਾ। | ਇਹ ਵਿਭਾਗ ਡਰੇਨਾਂ ਤੇ ਉੱਗੇ ਨਦੀਨਾਂ ਨੂੰ ਨਸ਼ਟ ਕਰਵਾਉਣਗੇ। |
| 11 | ਐਕਸ਼ੀਅਨ ਪਬਲਿਕ ਹੈਲਥ, ਮਾਨਸਾ। | ਇਹ ਵਿਭਾਗ ਖਾਲਾਂ ਦੇ ਕੰਡਿਆਂ ਤੇ ਉੱਗੇ ਨਦੀਨਾਂ ਨੂੰ ਨਸ਼ਟ ਕਰਵਾਉਣਗੇ। |
| 12 | ਜ਼ਿਲ੍ਹਾ ਸਿੱਖਿਆ ਅਫਸਰ, (ਪ੍ਰਾ:) | ਇਹ ਵਿਭਾਗ ਆਪਣੇ ਅਧੀਨ ਆਉਂਦੇ ਸਕੂਲਾਂ ਵਿੱਚ ਉੱਗੇ ਨਦੀਨਾਂ ਨੂੰ ਨਸ਼ਟ ਕਰਵਾਉਣਗੇ। |
| 13 | ਜ਼ਿਲ੍ਹਾ ਸਿੱਖਿਆ ਅਫਸਰ, (ਸੈ:) | ਇਹ ਵਿਭਾਗ ਆਪਣੇ ਅਧੀਨ ਆਉਂਦੇ ਸਕੂਲਾਂ ਵਿੱਚ ਉੱਗੇ ਨਦੀਨਾਂ ਨੂੰ ਨਸ਼ਟ ਕਰਵਾਉਣਗੇ। |

ਇਸ ਤੋ ਇਲਾਵਾ ਜਿਲੇ ਦੇ ਸਮੂਹ ਵਿਭਾਗਾਂ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਦਫਤਰਾਂ ਅਤੇ ਨਿੱਜੀ ਖੇਤਾਂ ਦੇ ਕੰਢਿਆਂ ਤੇ ਉੱਘੇ ਨਦੀਨਾਂ ਨੂੰ ਨਸ਼ਟ ਕਰਵਾਉਣਗੇ। ਇਸ ਮੁਹਿੰਮ ਨਾਲ ਜਿੱਥੇ ਫਸਲਾਂ ਦੀ ਨਦੀਨਾਂ ਤੋਂ ਰੋਕਥਾਮ ਹੋਵੇਗੀ, ਉਸ ਦੇ ਨਾਲ ਨਾਲ ਜਿਲੇ ਦੀ ਸਵੱਛ ਭਾਰਤ ਮੁਹਿੰਮ ਤਹਿਤ ਸਾਫ ਸਫਾਈ ਵੀ ਹੋਵੇਗੀ ਜਿਸ ਨਾਲ ਵਾਤਾਵਰਨ ਸ਼ੁੱਧ ਹੋਣ ਵਿੱਚ ਵੀ ਸਹਾਈ ਹੋਵੇਗਾ।

ਮੁੱਖ ਖੇਤੀਬਾੜੀ ਅਫਸਰ
ਮਾਨਸਾ।

ਸੇਵਾ ਵਿਖੇ

1) ਸੀਨੀਅਰ ਕਪਤਾਨ ਪੁਲਿਸ, ਮਾਨਸਾ।
2) ਵਧੀਕ ਡਿਪਟੀ ਕਮਿਸ਼ਨਰ(ਵਿਕਾਸ), ਮਾਨਸਾ।
3) ਉਪ ਮੰਡਲ ਮੈਜਿਸਟਰੇਟ, ਮਾਨਸਾ/ ਬੁਢਲਾਡਾ/ਸਰਦੂਲਗੜ੍ਹ।
4) ਡਿਪਟੀ ਰਜਿਸਟਰਾਰ ਸਹਿਕਾਰੀ ਸੰਭਾਵਾਂ, ਮਾਨਸਾ।
5) ਇੰਚਾਰਜ ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ।
6) ਜਿਲ੍ਹਾਂ ਵਿਕਾਸ ਅਤੇ ਪੰਚਾਇਤ ਅਫਸਰ, ਮਾਨਸਾ।
7) ਜਿਲ੍ਹਾ ਵਣ ਮੰਡਲ ਅਫਸਰ, ਮਾਨਸਾ।
8) ਜਿਲ੍ਹਾ ਮੰਡੀ ਅਫਸਰ, ਮਾਨਸਾ।
9) ਐਕਸ਼ੀਅਨ ਬੀ ਐਂਡ ਆਰ, ਮਾਨਸਾ।
10) ਐਕਸ਼ੀਅਨ ਆਈ.ਬੀ. ਜਵਾਹਰਕੇ, ਮਾਨਸਾ।
11) ਐਕਸ਼ੀਅਨ ਡਰੇਨਜ, ਮਾਨਸਾ।
12) ਐਕਸ਼ੀਅਨ ਪਬਲਿਕ ਹੈਲਥ, ਮਾਨਸਾ।
13) ਸਹਾਇਕ ਡਾਇਰੈਕਟਰ, ਬਾਗਬਾਨੀ ਵਿਭਾਗ, ਮਾਨਸਾ।
14) ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਜਿਲ੍ਹਾ ਮਾਨਸਾ।
15) ਐਕਸ਼ੀਅਨ ਲਹਿਲ ਬਰਾਂਚ ਪਟਿਆਲਾ।
16) ਜਿਲਾਂ ਸਿੱਖਿਆ ਅਫਸਰ (ਪ੍ਰਾ:), ਮਾਨਸਾ।
17) ਜਿਲਾਂ ਸਿੱਖਿਆ ਅਫਸਰ (ਸੈ:), ਮਾਨਸਾ।
18) ਐਕਸ਼ੀਅਨ ਮੰਡੀ ਬੋਰਡ, ਮਾਨਸਾ।
19) ਡਿਸ਼ਟ੍ਰਿਕ ਇੰਡਸਟਰੀਜ਼ ਵਿਭਾਗ, ਡੀ.ਸੀ.ਕੰਪਲੈਕਸ, ਮਾਨਸਾ।
20) ਸਹਾਇਕ ਡਾਇਰੈਕਟਰ, ਮੱਛੀ ਪਾਲਣ ਵਿਭਾਗ, ਮਾਨਸਾ।
21) ਡਿਪਟੀ ਡਾਇਰੈਕਟਰ, ਡੇਅਰੀ ਵਿਭਾਗ, ਮਾਨਸਾ।
22) ਮੈਨੇਜਰ ਲੀਡ ਬੈਂਕ, ਮਾਨਸਾ।
23) ਜਿਲਾਂ ਮੈਨੇਜਰ, ਮਾਰਕਫੈਡ ਮਾਨਸਾ।

ਪੱਤਰ ਨੰ/ਟੀ.ਏ./ ਮਿਤੀ

ਵਿਸ਼ਾ: ਸਾਲ 2018-19 ਦੌਰਾਨ ਨਰਮੇ ਦੀ ਫਸਲ ਨੂੰ ਚਿੱਟੀ ਮੱਖੀ ਦੇ ਹਮਲੇ ਤੋ ਬਚਾਉਣ ਲਈ ਨਦੀਨਾਂ ਨੂੰ ਨਸ਼ਟ ਕਰਨ ਲਈ ਜਾਗਰੁਕਤਾ ਮੁਹਿੰਮ ਚਲਾਉਣ ਸਬੰਧੀ ਮਾਨਸਾ ਜ਼ਿਲ੍ਹੇ ਦੀ ਹੋਣ ਵਾਲੀ ਮਟਿੰਗ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਮਾਨਯੋਗ ਡਿਪਟੀ ਕਮਿਸ਼ਨਰ ਮਾਨਸਾ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਸਬੰਧ ਵਿੱਚ ਨਰਮੇ ਦੀ ਫਸਲ ਨੂੰ ਚਿੰਟੀ ਮੱਖੀ ਤੋਂ ਬਚਾਉਣ ਲਈ ਜੋ ਨਦੀਨ ਨਸ਼ਟ ਕਰਨ ਦੀ ਮੁਹਿੰਮ ਚਲਾਈ ਗਈ ਹੈ ਉਸ ਦੀ ਲੋੜੀਂਦੀ ਸੂਚਨਾ ਹੇਠ ਲਿਖੇ ਪ੍ਰੋਫਾਰਮੇ ਵਿੱਚ ਪਰ ਕੇ ਇਸ ਦਫਤਰ ਨੂੰ ਈਮੇਲ caomansa.agri@punjab.gov.in ਰਾਹੀਂ ਭੇਜੀ ਜਾਵੇ।

| ਲੜੀ ਨੰ: | ਵਿਭਾਗ ਦਾ ਨਾਂ | ਕੁੱਲ ਖਾਲੀ ਰਕਬਾ ਜਿਸ ਵਿੱਚੋਂ ਨਦੀਨ ਨਸ਼ਟ ਕੀਤੇ ਜਾਣੇ ਹਨ। | ਹਫਤੇ ਦੌਰਾਨ ਕੀਤੀ ਪ੍ਰਗਤੀ | ਬਾਕੀ ਰਹਿੰਦਾ ਕੰਮ | ਕੰਮ ਮੁਕੰਮਲ ਹੋਣ ਦੀ ਅਨੁਮਾਨਿਤ ਮਿਤੀ |
|---|---|---|---|---|---|
| | | | | | |

ਮੁੱਖ ਖੇਤੀਬਾੜੀ ਅਫਸਰ
ਮਾਨਸਾ।